13 ਅਕਤੂਬਰ 2020

**ਪਿਆਰੇ ਦੋਸਤੋ ਅਤੇ ਗੁਆਂਢੀਓ,**

COVID-19 'ਤੇ ਪ੍ਰਤਿਕਿਰਿਆ ਕਰਨ ਦੀਆਂ Lakeridge Health ਦੀਆਂ ਕੋਸ਼ਿਸ਼ਾਂ ਬਾਰੇ ਤਾਜ਼ਾ ਜਾਣਕਾਰੀ ਦਿੱਤੇ ਗਏ ਨੂੰ ਕੁਝ ਸਮਾਂ ਹੋ ਗਿਆ ਹੈ।

ਇੱਕ ਮੁਕਾਬਲਤਨ ਸਥਿਰ ਗਰਮੀਆਂ ਅਤੇ ਜਲਦੀ ਪਤਝੜ ਤੋਂ ਬਾਅਦ, ਡਰਹਮ ਖੇਤਰ ਅਤੇ ਓਨਟਾਰੀਓ ਵਿੱਚ COVID-19 ਦੀਆਂ ਦਰਾਂ ਵੱਧ ਰਹੀਆਂ ਹਨ। ਅਸੀਂ ਇੱਥੇ Lakeridge Health ਵਿਖੇ ਹਸਪਤਾਲ ਵਿੱਚ COVID-19 ਦੇ ਮਰੀਜ਼ਾਂ ਦੇ ਦਾਖਲਿਆਂ ਵਿੱਚ ਵੀ ਵਾਧਾ ਦੇਖਣਾ ਸ਼ੁਰੂ ਕਰ ਰਹੇ ਹਾਂ।

ਇਹ ਪ੍ਰਸਾਰ ਦੀਆਂ ਵੱਧਦੀਆਂ ਦਰਾਂ ਚਿੰਤਾਜਨਕ ਹਨ ਅਤੇ ਸਾਡੀ ਸਿਹਤ ਪ੍ਰਣਾਲੀ, ਸਾਡੀ ਆਰਥਿਕਤਾ ਅਤੇ ਨਿੱਜੀ ਤੌਰ 'ਤੇ ਸਾਡੇ ਲਈ ਇੱਕ ਖ਼ਤਰਾ ਹਨ। ਉਹ ਸਾਡੇ ਸਾਰਿਆਂ ਲਈ ਮੁਢਲੀਆਂ ਗੱਲਾਂ - ਸਾਡੇ ਪਰਿਵਾਰਕ ਦਾਇਰੇ ਤੋਂ ਬਾਹਰ ਸਰੀਰਕ ਤੌਰ 'ਤੇ ਦੂਰੀ, ਮਾਸਕ ਪਹਿਨਣਾ ਅਤੇ ਅਕਸਰ ਹੱਥ ਧੋਣੇ - 'ਤੇ ਦੁਬਾਰਾ ਧਿਆਨ ਦੇਣ ਲਈ ਇੱਕ ਕਾਰਵਾਈ ਦਾ ਬੁਲਾਵਾ ਹਨ।

ਇਹ ਮੁਢਲੇ ਸੁਰੱਖਿਆ ਅਭਿਆਸ COVID-19 ਦੇ ਫੈਲਣ ਨੂੰ ਘਟਾਉਣ, ਆਪਣੇ-ਆਪ, ਪਰਿਵਾਰ, ਦੋਸਤਾਂ ਅਤੇ ਸਹਿਕਰਮੀਆਂ ਨੂੰ ਸੁਰੱਖਿਅਤ ਰੱਖਣ ਲਈ ਕਾਰਗਰ ਸਿੱਧ ਹੋਏ ਹਨ। ਭਾਈਚਾਰੇ ਵਿੱਚ ਵੱਧ ਰਹੇ ਮਾਮਲਿਆਂ ਨੂੰ ਹੌਲੀ ਕਰਨ ਅਤੇ ਉਲਟਾਉਣ ਲਈ, ਸਾਡੇ ਸਮੂਹਿਕ ਯਤਨਾਂ ਨੂੰ ਮੁੜ ਕੇਂਦ੍ਰਿਤ ਕਰਨਾ ਮਹੱਤਵਪੂਰਨ ਹੈ।

**Lakeridge Health ਵਿਖੇ ਆਉਣਾ**

ਇਹ ਯਕੀਨੀ ਬਣਾਉਣ ਲਈ ਕਿ ਅਸੀਂ ਮਰੀਜ਼ਾਂ ਅਤੇ ਸਾਡੀ ਟੀਮ ਨੂੰ ਸੁਰੱਖਿਅਤ ਰੱਖਦੇ ਹਾਂ, ਅਸੀਂ ਆਪਣੇ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਦੀ COVID-19 ਦੇ ਲੱਛਣਾਂ ਜਾਂ ਸੰਪਰਕ ਲਈ ਜਾਂਚ ਨੂੰ ਜਾਰੀ ਰੱਖ ਰਹੇ ਹਾਂ। **ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ Lakeridge Health ਸਹੂਲਤ ਵਿੱਚ ਦਾਖਲ ਹੋਣ ਵਾਲੇ ਹਰੇਕ ਵਿਅਕਤੀ ਲਈ ਮਾਸਕ ਪਹਿਨਣਾ ਲਾਜ਼ਮੀ ਹੈ।**

**Lakeridge Health ਸੇਵਾਵਾਂ**

ਬਸੰਤ ਅਤੇ ਗਰਮੀਆਂ ਵਿੱਚ ਮਹਾਂਮਾਰੀ ਦੀ ਪਹਿਲੀ ਲਹਿਰ ਦੌਰਾਨ ਕੁਝ ਸੇਵਾਵਾਂ ਵਿੱਚ ਮਹੱਤਵਪੂਰਨ ਕਟੌਤੀ ਕਰਨ ਤੋਂ ਬਾਅਦ, ਅਸੀਂ ਸਾਵਧਾਨੀ ਨਾਲ ਆਪਣੇ ਸਾਰੇ ਹਸਪਤਾਲ ਸਥਾਨਾਂ 'ਤੇ ਆਪਣੀਆਂ ਸੇਵਾਵਾਂ ਵਿੱਚ ਓਨੀ ਤੇਜ਼ੀ ਲਿਆਉਣੀ ਸ਼ੁਰੂ ਕਰ ਦਿੱਤੀ ਹੈ ਜਿੰਨੀ ਸੁਰੱਖਿਅਤ ਹੈ। ਇਸ ਵਿੱਚ ਸਰਜਰੀ ਅਤੇ ਐਂਬੂਲਟਰੀ ਸੇਵਾਵਾਂ ਸ਼ਾਮਲ ਹਨ।

ਜਿਸ ਵੇਲੇ ਅਸੀਂ ਲਹਿਰ 2 ਦੀ ਯੋਜਨਾ ਬਣਾ ਰਹੇ ਹਾਂ, ਅਸੀਂ ਕੁਝ ਗਤੀਵਿਧੀਆਂ ਨੂੰ ਹੌਲੀ ਕਰਨ ਜਾਂ ਘਟਾਉਣ ਦੀ ਯੋਜਨਾ ਵੀ ਤਿਆਰ ਕਰ ਰਹੇ ਹਾਂ, ਜੇ ਹਸਪਤਾਲ ਦੇ ਅੰਦਰ ਮਰੀਜ਼ਾਂ ਦੇ ਮਾਮਲਿਆਂ ਵਿੱਚ ਮਹੱਤਵਪੂਰਨ ਵਾਧੇ ਦੇ ਕਾਰਨ ਇਹ ਲੋੜੀਂਦਾ ਹੋ ਜਾਵੇ। ਸਰਜਰੀ ਅਤੇ ਸਾਡੇ COVID-19 ਨਾਲ ਸੰਬੰਧਿਤ ਪ੍ਰੋਟੋਕੋਲ ਬਾਰੇ ਵਧੇਰੇ ਜਾਣਕਾਰੀ ਲਈ, ਇਸ ਲਿੰਕ 'ਤੇ ਜਾਓ।

**ਖੇਤਰੀ ਪ੍ਰਤਿਕਿਰਿਆ**

ਸਤੰਬਰ ਵਿੱਚ, ਸਕੂਲਾਂ ਨੇ ਨਵੇਂ ਸੂਬਾਈ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਵਿਦਿਆਰਥੀਆਂ ਦਾ ਵਾਪਸ ਆਉਣ ਲਈ ਸੁਆਗਤ ਕੀਤਾ ਤਾਂ ਜੋ ਕਲਾਸ-ਵਿੱਚ ਅਤੇ ਰਿਮੋਟ ਸਿਖਲਾਈ ਦੇ ਸੁਮੇਲ ਨਾਲ ਸੁਰੱਖਿਅਤ ਢੰਗ ਨਾਲ ਸਿਖਲਾਈ ਦੇ ਵਾਤਾਵਰਣ ਵਿੱਚ ਵਾਪਸ ਆਉਣ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕੀਤੀ ਜਾ ਸਕੇ। Lakeridge Health ਅਤੇ ਖੇਤਰ ਭਰ ਵਿੱਚ ਸਾਡੇ ਸਹਿਭਾਗੀ ਡਰਹਮ ਰੀਜਨ ਸਿਹਤ ਵਿਭਾਗ ਦਾ ਸਮਰਥਨ ਕਰ ਰਹੇ ਹਨ ਜੋ ਕਿ ਡਰਹਮ ਦੇ ਸਕੂਲਾਂ ਵਿੱਚ COVID-19 ਦੀਆਂ ਸਥਾਨਕ ਭੜਕਨਾਂ ‘ਤੇ ਪ੍ਰਤਿਕਿਰਿਆ ਦੀ ਅਗਵਾਈ ਕਰ ਰਿਹਾ ਹੈ।

**COVID-19 ਟੈਸਟ**

ਪਿਛਲੇ ਕੁਝ ਹਫ਼ਤਿਆਂ ਵਿੱਚ, ਡਰਹਮ ਰੀਜਨ ਸਮੇਤ, ਸੂਬੇ ਭਰ ਵਿੱਚ COVID-19 ਦੇ ਟੈਸਟਾਂ ਦੀ ਮੰਗ ਨਾਟਕੀ ਢੰਗ ਨਾਲ ਵਧੀ ਹੈ। ਗਰਮੀਆਂ ਦੇ ਮਹੀਨਿਆਂ ਦੌਰਾਨ ਲਗਭਗ 300 ਤੋਂ 400 ਲੋਕਾਂ ਨੇ ਰੋਜ਼ਾਨਾ ਅਧਾਰ 'ਤੇ ਟੈਸਟ ਕਰਨ ਦੀ ਬੇਨਤੀ ਕੀਤੀ। ਪਿਛਲੇ ਹਫ਼ਤੇ, ਟੈਸਟ ਕਰਾਉਣ ਲਈ ਰੋਜ਼ਾਨਾ ਬੇਨਤੀਆਂ ਪ੍ਰਤੀ ਦਿਨ 2,300 'ਤੇ ਪਹੁੰਚ ਗਈਆਂ। ਮੰਗ ਵਿੱਚ ਵਾਧੇ ਦੇ ਨਾਲ, ਓਨਟਾਰੀਓ ਭਰ ਦੇ COVID-19 ਮੁਲਾਂਕਣ ਕੇਂਦਰਾਂ 'ਤੇ ਉੱਚ ਜੋਖਮ ਵਾਲੇ ਵਿਅਕਤੀਆਂ ਦੇ ਟੈਸਟਾਂ ਨੂੰ ਪਹਿਲ ਦੇਣ ਵਾਲੇ ਨਵੇਂ ਸੂਬਾਈ ਟੈਸਟਿੰਗ ਦਿਸ਼ਾ ਨਿਰਦੇਸ਼ ਲਾਗੂ ਕੀਤੇ ਗਏ ਹਨ।

**COVID-19 ਟੈਸਟ ਦੇ ਯੋਗ ਵਿਅਕਤੀਆਂ ਲਈ ਹੇਠ ਲਿਖਿਆਂ ਵਿੱਚੋਂ ਇੱਕ ਹੋਣਾ ਲਾਜ਼ਮੀ ਹੈ:**

- COVID-19 ਦੇ ਲੱਛਣ। COVID-19 ਨਾਲ ਸੰਬੰਧਿਤ ਲੱਛਣਾਂ ਲਈ ਇਸ ਲਿੰਕ 'ਤੇ ਜਾਓ;
- ਜਨਤਕ ਸਿਹਤ ਜਾਂ COVID-19 ਚੇਤਾਵਨੀ ਐਪ ਤੋਂ ਸੰਪਰਕ ਦੀ ਸੂਚਨਾ ਪ੍ਰਾਪਤ ਹੋਈ ਹੈ। (ਕਿਰਪਾ ਕਰਕੇ Ontario.ca/covidalert ਤੋਂ ਐਪ ਨੂੰ ਡਾਊਨਲੋਡ ਕਰੋ (ਜੇ ਤੁਸੀਂ ਪਹਿਲਾਂ ਹੀ ਅਜਿਹਾ ਨਹੀਂ ਕੀਤਾ ਹੈ);
- ਅਜਿਹੇ ਸਥਾਨ 'ਤੇ ਕੰਮ ਕਰਦੇ ਜਾਂ ਰਹਿੰਦੇ ਹੋ ਜਿੱਥੇ ਕੋਈ ਪ੍ਰਕੋਪ ਫੈਲਿਆ ਹੈ, ਅਤੇ ਟੈਸਟ ਕਰਾਉਣ ਦਾ ਜਨਤਕ ਸਿਹਤ ਨਿਰਦੇਸ਼ ਪ੍ਰਾਪਤ ਕੀਤਾ ਹੈ;
- ਲੰਬੇ ਸਮੇਂ ਦੀ ਦੇਖਭਾਲ ਸਹੂਲਤ, ਰਿਟਾਇਰਮੈਂਟ ਹੋਮ, ਸ਼ੈਲਟਰ, ਸਮੂਹਿਕ ਘਰ ਜਾਂ ਹੋਰ ਇਕੱਠਿਆਂ ਦੇਖਭਾਲ/ਸਾਂਝੀ ਰਹਿਣ ਵਾਲੀ ਵਿਵਸਥਾ ਵਿੱਚ ਕੰਮ ਕਰਦੇ ਜਾਂ ਰਹਿੰਦੇ ਹੋ;

- ਸਿਹਤ ਮੰਤਰਾਲੇ, ਲੰਬੀ-ਮਿਆਦ ਦੇਖਭਾਲ ਦੇ ਮੰਤਰਾਲੇ ਜਾਂ ਜਨਤਕ ਸਿਹਤ ਦੁਆਰਾ ਟੈਸਟ ਲਈ ਨਿਸ਼ਾਨਾ ਬਣਾਏ ਗਏ ਸਮੂਹ ਦਾ ਹਿੱਸਾ ਹੋ।

ਕਿਸੇ ਟੈਸਟ ਲਈ ਤੁਹਾਡੀ ਯੋਗਤਾ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ Lakeridge Health ਦੇ COVID-19 ਜਾਣਕਾਰੀ ਪੰਨੇ 'ਤੇ ਜਾਓ।

**ਟੈਸਟ ਅਤੇ/ਜਾਂ ਮੁਲਾਂਕਣ ਲਈ ਅਪਾਇੰਟਮੈਂਟ ਕਿਵੇਂ ਲੈਣੀ ਹੈ**

ਟੈਸਟ ਅਤੇ, ਜੇ ਜ਼ਰੂਰੀ ਹੋਵੇ, ਮੁਲਾਂਕਣ ਕਰਵਾਉਣ ਲਈ, ਆਨਲਾਈਨ ਫਾਰਮ ਵਾਸਤੇ covidswab.lh.ca 'ਤੇ ਜਾਓ। ਤੁਹਾਡੀ ਅਪਾਇੰਟਮੈਂਟ ਲਈ ਨਿਰਦੇਸ਼ ਤੁਹਾਨੂੰ ਸਵੈਚਲ ਤੌਰ 'ਤੇ ਈਮੇਲ ਕਰ ਦਿੱਤੇ ਜਾਣਗੇ। ਜੇ ਤੁਹਾਡੇ ਕੋਲ ਕੰਪਿਊਟਰ ਜਾਂ Wi-Fi ਨਹੀਂ ਹੈ, ਤਾਂ ਸਹਾਇਤਾ ਲਈ DRHD ਨਾਲ 1 - 800-841-2729 'ਤੇ ਸੰਪਰਕ ਕਰੋ। ਤੁਹਾਡੀ ਅਪਾਇੰਟਮੈਂਟ ਡਰਹੈਮ ਭਰ ਵਿੱਚ COVID-19 ਮੁਲਾਂਕਣ ਕੇਂਦਰਾਂ ਵਿੱਚੋਂ ਇੱਕ 'ਤੇ ਬੁੱਕ ਕੀਤੀ ਜਾਵੇਗੀ। ਗੰਭੀਰ ਲੱਛਣਾਂ ਵਾਲੇ ਕਿਸੇ ਵੀ ਵਿਅਕਤੀ ਨੂੰ ਸਾਡੇ ਕਿਸੇ ਐਮਰਜੈਂਸੀ ਵਿਭਾਗ ਵਿੱਚ ਜਾਣਾ ਚਾਹੀਦਾ ਹੈ ਜਾਂ 911 'ਤੇ ਕਾਲ ਕਰਨੀ ਚਾਹੀਦੀ ਹੈ।

**ਜੇ ਤੁਸੀਂ ਕਿਸੇ ਟੈਸਟ ਲਈ ਅਪਾਇੰਟਮੈਂਟ ਬੁੱਕ ਕੀਤੀ ਹੈ ਜਿਸਦੀ ਤੁਹਾਨੂੰ ਹੁਣ ਲੋੜ ਨਹੀਂ ਹੈ, ਤਾਂ ਇਹ ਮਹੱਤਵਪੂਰਨ ਹੈ ਕਿ ਤੁਸੀਂ ਆਪਣੀ ਅਪਾਇੰਟਮੈਂਟ ਰੱਦ ਕਰ ਦਿਓ ਤਾਂ ਜੋ ਅਸੀਂ ਇਹ ਜੋਖਮ ਵਿੱਚ ਮੌਜੂਦ ਕਿਸੇ ਹੋਰ ਵਿਅਕਤੀ ਨੂੰ ਦੇ ਸਕੀਏ।**

**ਫਾਰਮੇਸੀਆਂ ਵਿਖੇ ਟੈਸਟ**

ਕੁਝ ਫਾਰਮੇਸੀਆਂ ਹੁਣ ਬਿਨਾਂ ਲੱਛਣਾਂ ਵਾਲੇ ਉਹਨਾਂ ਲੋਕਾਂ ਲਈ COVID-19 ਟੈਸਟਿੰਗ ਦੀ ਪੇਸ਼ਕਸ਼ ਕਰਦੀਆਂ ਹਨ ਜਿਨ੍ਹਾਂ ਨੂੰ COVID-19 ਟੈਸਟ ਦੀ ਲੋੜ ਹੁੰਦੀ ਹੈ। ਟੈਸਟ ਲਈ ਯੋਗਤਾ, ਟੈਸਟ ਕਿਵੇਂ ਬੁੱਕ ਕਰਾਉਣਾ ਹੈ ਅਤੇ ਆਪਣੇ ਨੇੜੇ ਕੋਈ ਫਾਰਮੇਸੀ ਦਾ ਟਿਕਾਣਾ ਲੱਭਣ ਲਈ Ontario.ca/covidtest 'ਤੇ ਜਾਓ।

**ਟੈਸਟ ਦੇ ਨਤੀਜੇ**

ਵਿਅਕਤੀਆਂ ਨੂੰ ਉਹਨਾਂ ਦੇ ਟੈਸਟ ਦੇ ਨਤੀਜੇ ਆਮ ਤੌਰ 'ਤੇ 3-5 ਦਿਨਾਂ ਵਿੱਚ ਮਿਲ ਜਾਂਦੇ ਹਨ। ਹਾਲਾਂਕਿ, ਇੰਤਜ਼ਾਰ ਦਾ ਸਮਾਂ ਵੱਖ-ਵੱਖ ਹੋ ਸਕਦਾ ਹੈ ਅਤੇ ਇਸ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਜੇ ਤੁਸੀਂ ਇਸ ਮਿਆਦ ਦੇ ਬਾਅਦ Ontario.ca ਰਾਹੀਂ ਆਪਣੇ ਨਤੀਜੇ ਨਹੀਂ ਲੱਭ ਸਕਦੇ ਹੋ, ਤਾਂ ਤੁਸੀਂ COVID ਅਸੈਸਮੈਂਟ ਸੈਂਟਰ ਦੀ ਨਤੀਜਿਆਂ ਬਾਰੇ ਲਾਈਨ ਨੂੰ 905- 721-4842 'ਤੇ ਕਾਲ ਕਰ ਸਕਦੇ ਹੋ। ਕਿਉਂਕਿ ਕਾਲਾਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ, ਕਿਰਪਾ ਕਰਕੇ ਸਬਰ ਰੱਖੋ। ਟੈਸਟ ਦੇ ਨਤੀਜਿਆਂ ਦੀ ਉਡੀਕ ਕਰਦਿਆਂ ਵਾਇਰਸ ਦੇ ਫੈਲਾਅ ਨੂੰ ਰੋਕਣ ਵਿੱਚ ਸਹਾਇਤਾ ਕਰਨ ਲਈ, ਪਬਲਿਕ ਹੈਲਥ ਦੁਆਰਾ ਦੱਸੇ ਗਏ ਸਾਰੇ ਸਵੈ-ਇਕੱਲਤਾ ਨਿਰਦੇਸ਼ਾਂ ਦੀ ਪਾਲਣਾ ਕਰਨਾ ਬਹੁਤ ਮਹੱਤਵਪੂਰਨ ਹੈ।

ਜਿਸ ਵੇਲੇ ਅਸੀਂ ਇਸ ਵਿਸ਼ਵ-ਵਿਆਪੀ ਮਹਾਂਮਾਰੀ ਨਾਲ ਲੜ ਰਹੇ ਹਾਂ, ਅਸੀਂ ਆਪਣੇ ਭਾਈਚਾਰੇ ਨੂੰ ਤਾਜ਼ਾ ਜਾਣਕਾਰੀ ਦਿੰਦੇ ਰਹਿਣ ਲਈ ਵਚਨਬੱਧ ਹਾਂ। ਕਿਰਪਾ ਕਰਕੇ Lakeridge Health ਦੇ COVID-19 ਜਾਣਕਾਰੀ ਪੰਨੇ ਨੂੰ ਦੇਖਣਾ ਜਾਰੀ ਰੱਖੋ ਕਿਉਂਕਿ ਅਸੀਂ ਪ੍ਰਾਪਤ ਹੋਏ ਨਵੇਂ ਦਿਸ਼ਾ ਨਿਰਦੇਸ਼ਾਂ ਅਤੇ ਤਾਜ਼ਾ ਜਾਣਕਾਰੀ ਨੂੰ ਸਾਂਝਾ ਕਰਨਾ ਜਾਰੀ ਰੱਖਾਂਗੇ।

ਜਿਸ ਵੇਲੇ ਅਸੀਂ ਇਸ ਅਣਜਾਣ ਖੇਤਰ ਨੂੰ ਮਿਲ ਕੇ ਪਾਰ ਕਰ ਰਹੇ ਹਾਂ, ਤੁਹਾਡੇ ਅਟੁੱਟ ਸਮਰਥਨ ਅਤੇ ਹਮਦਰਦੀ ਲਈ ਤੁਹਾਡਾ ਧੰਨਵਾਦ।

ਕਿਰਪਾ ਕਰਕੇ ਸੁਰੱਖਿਅਤ ਅਤੇ ਤੰਦਰੁਸਤ ਰਹੋ,

ਸੁਜ਼ਨ ਡੇਰਿਕ (Susan deRyk)
ਅੰਤਰਿਮ ਪ੍ਰੈਜ਼ੀਡੈਂਟ ਅਤੇ CEO

ਟੋਨੀ ਸਟੋਨ (Tony Stone)
ਚੀਫ਼ ਆਫ਼ ਸਟਾਫ਼